ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਸਅਸ ਨਗਰ
(ਸਪੋਰਟਸ ਸਾਖਾ)

ਵੱਲ

1. ਜਿਲ੍ਹਾ ਸਿੱਖਿਆ ਅਫਸਰ ((ਸੈਸਿ),
ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਮੋਗਾ।
2. ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ,
ਅੰਮ੍ਰਿਤਸਰ, ਫਿਰੋਜਪੁਰ, ਅੱਜੋਵਾਲ (ਹੁਸਿਆਰਪੁਰ), ਨਾਭਾ (ਪਟਿਆਲਾ), ਰੂਪਨਗਰ।

ਈ ਫਾਈਲ ਨੰ: 213987/2021260085
ਮਿਤੀ 29-07-2021

ਵਿਸਾ: ਪੰਜਾਬ ਰਾਜ ਦੇ ਸਰਕਾਰੀ ਸਕੂਲਾਂ/ਡਾਈਟਾਂ ਵਿੱਚ ਬਣੇ ਰਿਹਾਇਸੀ ਹੋਸਟਲਾਂ ਦੀ ਰਿਪੇਅਰ ਸਬੰਧੀ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਆਪ ਵੱਲੋਂ ਆਪ ਦੇ ਅਧੀਨ ਆਉਂਦੇ ਸਰਕਾਰੀ ਸਕੂਲਾਂ/ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਵਿੱਚ ਬਣੇ ਰਿਹਾਇਸੀ ਹੋਸਟਲਾਂ ਦੀ ਰਿਪੇਅਰ ਕਰਨ ਸਬੰਧੀ ਭੇਜੀ ਤਜਵੀਜ ਦੇ ਸਨਮੁੱਖ ਹੇਠ ਲਿਖੇ ਅਨੁਸਾਰ ਸਬੰਧਤ ਰਿਹਾਇਸੀ ਹੋਸਟਲਾਂ ਦੀ ਰਿਪੇਅਰ ਤੇ ਹੋਣ ਵਾਲਾ ਖਰਚਾ ਆਪ ਦੇ ਪਾਸ ਮੌਜੂਦ ਸਪੋਰਟਸ ਫੰਡ ਵਿੱਚੋਂ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:

| ਲੜੀ ਨੰ | ਜਿਲ੍ਹਾ | ਸਕੂਲ/ਸੰਸਥਾ ਦਾ ਨਾਮ | ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ)/ਡਾਈਟ ਵਿਖੇ ਮੌਜੂਦ ਅਮਲਗਾਮੇਟਿਡ/ਸਪੋਰਟਸ ਫੰਡ ਵਿੱਚੋਂ ਦੇਣਯੋਗ ਰਾਸੀ | ਵਿਸੇਸ ਕਥਨ |
|---|---|---|---|---|
| 1 | ਅੰਮ੍ਰਿਤਸਰ | ਡਾਈਟ | 11.46 | |
| 2 | ਅੰਮ੍ਰਿਤਸਰ | ਸਸਸਸ ਮਾਲ ਰੋਡ | 11.96 | ਜਿਲ੍ਹੇ ਵਿੱਚ ਸਪੋਰਟਸ ਫੰਡ ਵਿੱਚੋਂ 12 ਲੱਖ ਰੁਪਏ ਦੀ ਰਾਸੀ ਦਿੱਤੀ ਜਾਵੇਗੀ। ਬਾਕੀ ਬਚਦੀ 14.05 ਲੱਖ ਰੁਪਏ ਮੁੱਖ ਦਫਤਰ ਵਿਖੇ ਮੌਜੂਦ ਸਪੋਰਟਸ ਫੰਡ ਵਿੱਚੋਂ ਦਿੱਤੀ ਜਾਵੇਗੀ। |
| 3 | ਅੰਮ੍ਰਿਤਸਰ | ਸਸਸਸ ਛੇਹਰਟਾ | 14.09 | |
| 4 | ਫਿਰੋਜਪੁਰ | ਡਾਈਟ (ਲੜਕੀਆਂ ਦਾ ਹਾਸਟਲ) | 16.62 | |
| 5 | ਫਿਰੋਜਪੁਰ | ਡਾਈਟ (ਲੜਕਿਆਂ ਦਾ ਹਾਸਟਲ) | 13.32 | |
| 6 | ਹੁਸਿਆਰਪੁਰ | ਡਾਈਟ ਅੱਜੋਵਾਲ | 9.52 | |
| 7 | ਜਲੰਧਰ | ਸਕੰਸਸ ਨਹਿਰੂ ਗਾਰਡਨ | 5.68 | |
| 8 | ਕਪੂਰਥਲਾ | ਸਸਸਸ ਟਿੱਬਾ | 3.54 | |
| 9 | ਮੋਗਾ | ਸਪੋਰਟਸ ਅਕੈਡਮੀ ਸਸਸਸ ਤਖਾਣਵੱਧ | 5.18 | |
| 10 | ਪਟਿਆਲਾ | ਡਾਈਟ ਹੋਸਟਲ ਨਾਭਾ | 16.68 | |
| 11 | ਰੂਪਨਗਰ | ਡਾਈਟ ਹੋਸਟਲ ਰੂਪਨਗਰ | 5.70 | |

**ਰਿਹਾਇਸੀ ਹੋਸਟਲਾਂ ਦੀ ਰਿਪੇਅਰ ਕਰਵਾਉਣ ਸਮੇਂ ਹੇਠ ਲਿਖੀਆਂ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ:**

1. **ਰਿਹਾਇਸੀ ਹੋਸਟਲਾਂ ਦਾ ਨਿਰਮਾਣ ਅਤੇ ਖੇਡਾਂ ਦਾ ਸਮਾਨ ਖਰੀਦਣ ਸਮੇਂ ਖੇਡ ਨਿਯਮਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ।**
2. ਰਿਹਾਇਸੀ ਹੋਸਟਲ ਦੀ ਰਿਪੇਅਰ ਸਬੰਧਤ ਜੇ.ਈ. ਵੱਲੋਂ ਤਿਆਰ ਕੀਤੇ ਐਸਟੀਮੇਟਸ ਦੇ ਅਧਾਰ ਤੇ ਹੀ ਕਰਵਾਈ ਜਾਵੇ।
3. **ਰਿਹਾਇਸੀ ਹੋਸਟਲਾਂ ਦੀ ਰਿਪੇਅਰ ਵਿੱਚ ਵਰਤਿਆ ਜਾਣ ਵਾਲਾ ਸਮਾਨ ਵਧੀਆ ਕੁਆਲਟੀ ਦਾ ਮਜਬੂਤ ਅਤੇ ਹੰਡਣਸਾਰ ਹੋਣਾ ਚਾਹੀਦਾ ਹੈ।**
4. **ਰਿਹਾਇਸੀ ਹੋਸਟਲਾਂ ਦੀ ਰਿਪੇਅਰ ਵਿੱਚ ਵਰਤਿਆ ਜਾਣ ਵਾਲਾ ਸਮਾਨ ਖਰੀਦਣ ਸਮੇਂ ਵਿੱਤੀ ਨਿਯਮਾਂ ਦਾ ਧਿਆਨ ਰੱਖਿਆ ਜਾਵੇ।**
5. ਸਕੂਲ/ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂ ਵੱਲੋਂ 05 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਹੇਠ ਲਿਖੇ ਮੈਂਬਰ ਹੋਣਗੇ:
   1. ਸਕੂਲ ਮੁੱਖੀ/ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂ,
   2. ਦੋ ਮੈਂਬਰ ਐਸ.ਐਮ.ਸੀ. (ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂ ਵਿੱਚ ਲਾਗੂ ਨਹੀ)
   3. ਦੋ ਸਕੂਲ/ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂ ਦੇ ਅਧਿਆਪਕ।

   ਜਿਸ ਸਕੂਲ/ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂ ਵਿੱਚ ਸਪੋਰਟਸ ਦਾ ਸਬੰਧਤ ਕਰਮਚਾਰੀ ਕੰਮ ਕਰ ਰਿਹਾ ਹੈ, ਉਸ ਨੂੰ ਕਮੇਟੀ ਵਿੱਚ ਮੈਂਬਰ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ।
6. **ਰਿਹਾਇਸੀ ਹੋਸਟਲ ਦੀ ਰਿਪੇਅਰ** ਕਰਵਾਉਣ ਤੋਂ ਪਹਿਲਾਂ, ਰਿਪੇਅਰ ਹੁੰਦੇ ਦੌਰਾਨ ਅਤੇ ਕੰਮ ਮੁਕੰਮਲ ਹੋਣ ਤੋਂ ਬਾਅਦ **ਰਿਹਾਇਸੀ ਹੋਸਟਲ** ਦੀਆਂ ਤਸਵੀਰਾਂ ਲਈਆਂ ਜਾਣ ਅਤੇ ਉਸਦਾ ਮੁਕੰਮਲ ਰਿਕਾਰਡ ਸਕੂਲ/ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂ ਵਿੱਚ ਰੱਖਿਆ ਜਾਵੇ।
7. **ਰਿਹਾਇਸੀ ਹੋਸਟਲ ਦੀ ਰਿਪੇਅਰ ਲਈ ਵਿਭਾਗ ਵੱਲੋਂ ਦਿੱਤੀ ਗ੍ਰਾਂਟ** ਸਿਰਫ ਉਸ ਮੰਤਵ ਲਈ ਵਰਤੀ ਜਾਵੇ। ਇਸ ਨੂੰ ਕਿਸੇ ਹੋਰ ਮੰਤਵ ਲਈ ਨਾ ਵਰਤਿਆ ਜਾਵੇ।
8. ਗ੍ਰਾਂਟ ਦੀ ਵਰਤੋਂ ਕਰਨ ਉਪਰੰਤ ਵਰਤੋਂ ਸਰਟੀਫਿਕੇਟ ਸਕੂਲ ਮੁੱਖੀ/ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂ 05 ਮੈਂਬਰੀ ਕਮੇਟੀ ਦੇ ਹਸਤਾਖਰਾਂ ਅਧੀਨ ਡੀ.ਐਮ. ਸਪੋਰਟਸ ਰਾਹੀਂ ਵਿਭਾਗ ਨੂੰ ਭੇਜੇਗਾ।
9. ਡੀ.ਐਮ. (ਸਪੋਰਟਸ)/ ਬੀ.ਐਮ. (ਸਪੋਰਟਸ) ਵੱਲੋਂ ਸਕੂਲ/ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂ ਵਿੱਚ ਰਿਹਾਇਸੀ ਹੋਸਟਲ ਦੀ ਰਿਪੇਅਰ ਦੇ ਕੰਮ ਦਾ ਸਮੇਂ-ਸਮੇਂ ਤੇ ਨਿਰੀਖਣ ਕੀਤਾ ਜਾਵੇਗਾ ਅਤੇ ਉਸਦੀ ਸਕੰਲਿਤ ਰਿਪੋਰਟ ਸਪੋਰਟਸ ਸਾਖਾ (ਮੁੱਖ ਦਫਤਰ) ਦੀ ਈਮੇਲ dydirectorphyedupb@gmail.com ਨੂੰ ਭੇਜਣੀ ਯਕੀਨੀ ਬਣਾਈ ਜਾਵੇ।
10. ਪਿਛਲੇ ਸਾਲਾਂ ਦੌਰਾਨ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲ ਮੁੱਖੀਆਂ ਵੱਲੋਂ ਐਸਟੀਮੇਟ ਅਨੁਸਾਰ ਪ੍ਰਵਾਨ ਰਾਸੀ ਵਿੱਚ ਕੰਮ ਮੁਕੰਮਲ ਨਹੀ ਕੀਤਾ ਜਾਂਦਾ ਅਤੇ ਹੋਰ ਰਾਸੀ ਦੀ ਮੰਗ ਕੀਤੀ ਜਾਂਦੀ ਹੈ। ਜੇਕਰ ਕੋਈ ਸਕੂਲ ਮੁੱਖੀ/ ਜਿਲ੍ਹਾ ਪ੍ਰਿੰਸੀਪਲ ਸਿੱਖਿਆ ਅਤੇ ਸਿਖਲਾਈ ਸੰਸਥਾਂ ਐਸਟੀਮੇਟ ਵਿੱਚ ਪ੍ਰਵਾਨ ਰਾਸੀ ਤੋਂ ਇਲਾਵਾ ਹੋਰ ਰਾਸੀ ਦੀ ਮੰਗ ਕਰੇਗਾ ਤਾਂ ਉਸ ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਵਿਭਾਗ ਦੇ ਅਧਿਕਾਰੀਆਂ ਦੀਆਂ ਟੀਮਾਂ ਹੋਸਟਲ ਰਿਪੇਅਰ ਦੇ ਕੰਮ ਦੀ ਮਾਨੀਟਰਿੰਗ ਕਰਨਗੀਆਂ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ)